15ਵੀਂ ਵਿਧਾਨ ਸਭਾ
ਅੱਠਵਾਂ ਸਮਾਗਮ

# ਪੰਜਾਬ ਵਿਧਾਨ ਸਭਾ ਸਕੱਤਰੇਤ
(ਵਿਧਾਨ ਸ਼ਾਖਾ)

ਨੰ:34-ਆਰ ਐਲ-2019/.....................

ਪੰਜਾਬ ਵਿਧਾਨ ਸਭਾ ਦੇ ਪਿਛਲੇ ਸਮਾਗਮ ਦੇ ਉਠਾਣ ਤੋਂ ਲੈ ਕੇ ਰਾਜਪਾਲ ਦੁਆਰਾ ਜਾਰੀ ਕੀਤੇ ਗਏ ਪੰਜਾਬ ਖੇਡ ਯੂਨੀਵਰਸਿਟੀ ਆਰਡੀਨੈਂਸ, 2019 (2019 ਦਾ ਪੰਜਾਬ ਆਰਡੀਨੈਂਸ ਨੰ: 3) ਦੀ ਇਕ ਕਾਪੀ ਇਸ ਦੇ ਨਾਲ ਭੇਜੀ ਜਾਂਦੀ ਹੈ, ਜਿਵੇਂ ਕਿ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 144(1) ਅਧੀਨ ਲੋੜੀਂਦਾ ਹੈ।

2. ਉਕਤ ਆਰਡੀਨੈਂਸ ਪੰਜਾਬ ਵਿਧਾਨ ਸਭਾ ਦੇ ਸਾਹਮਣੇ ਇਸ ਦੇ ਅੱਠਵੇਂ ਸਮਾਗਮ, 2019 ਦੌਰਾਨ ਰੱਖਿਆ ਜਾਵੇਗਾ।

3. ਇਹ ਆਰਡੀਨੈਂਸ ਪੰਜਾਬ ਵਿਧਾਨ ਸਭਾ ਦੇ ਮੁੜ ਇਕੱਤਰ ਹੋਣ ਤੋਂ 6 ਹਫਤੇ ਬੀਤ ਜਾਣ ਤੇ ਜਾਂ ਜੇਕਰ ਉਸ ਸਮੇਂ ਦੇ ਬੀਤ ਜਾਣ ਤੋਂ ਪਹਿਲਾਂ ਇਸ ਨੂੰ ਅਪ੍ਰਵਾਨ ਕਰਨ ਸਬੰਧੀ ਸਭਾ ਦੁਆਰਾ ਸੰਵਿਧਾਨ ਦੇ ਅਨੁਛੇਦ 213(2)(ੳ) ਅਧੀਨ ਮਤਾ ਪਾਸ ਕੀਤਾ ਜਾਵੇ, ਲਾਗੂ ਨਹੀਂ ਰਹੇਗਾ।

4. ਕੋਈ ਵੀਂ ਮੈਂਬਰ, ਇਸ 6 ਹਫਤਿਆਂ ਦੇ ਸਮੇਂ ਦੇ ਅੰਦਰ ਅੰਦਰ ਸਕੱਤਰ ਨੂੰ 3 ਦਿਨਾਂ ਦਾ ਨੋਟਿਸ ਦੇਣ ਤੋਂ ਬਾਅਦ ਉਕਤ ਆਰਡੀਨੈਂਸ ਨੂੰ ਅਪ੍ਰਵਾਨ ਕਰਨ ਸਬੰਧੀ ਮਤਾ ਪੇਸ਼ ਕਰ ਸਕਦਾ ਹੈ।

ਚੰਡੀਗੜ੍ਹ:
1 ਅਗਸਤ, 2019

ਸ਼ਸ਼ੀ ਲਖਨਪਾਲ ਮਿਸ਼ਰਾ
ਸਕੱਤਰ।

ਸੇਵਾ ਵਿਚ

ਪੰਜਾਬ ਵਿਧਾਨ ਸਭਾ ਦੇ ਸਮੂਹ ਮੈਂਬਰ ਸਾਹਿਬਾਨ ।

---

ਨੰ: 34-ਆਰ ਐਲ-2019/.....................,ਮਿਤੀ ਚੰਡੀਗੜ੍ਹ, 1 ਅਗਸਤ, 2019

ਇਕ ਕਾਪੀ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ, (ਖੇਡਾਂ ਅਤੇ ਯੁਵਕ ਸੇਵਾਵਾਂ ਸ਼ਾਖਾ), ਚੰਡੀਗੜ੍ਹ ਨੂੰ ਉਨ੍ਹਾਂ ਦੇ ਵਿਭਾਗ ਦੇ ਪੱਤਰ ਨੰ. 8/72/2019-1ਸਸ)/1537940/1, ਮਿਤੀ 1.08.2019 ਦੀ ਲਗਾਤਾਰਤਾ ਵਿਚ ਸੂਚਨਾ ਹਿੱਤ ਭੇਜੀ ਜਾਂਦੀ ਹੈ।

ਅਧੀਨ ਸਕੱਤਰ,
ਵਾਸਤੇ ਸਕੱਤਰ।

Superintendent
Punjab Vidhan Sabha
Chandigarh
01/08/19